# ਲੀਡਜ਼ ਹੋਮਜ਼
# ਕੀ ਹੈ?

ਲੀਡਜ਼ ਹੋਮਜ਼ ਇਕ ਰਸਤਾ ਹੈ ਜਿਸ ਰਾਹੀਂ ਲੋਕ ਆਪਣੀ ਸਮਰੱਥਾ ਅਨੁਸਾਰ ਘਰ ਤਕ ਪਹੁੰਚ ਕਰ ਸਕਦੇ ਹਨ।

## ਚੋਣ ਤੇ ਆਧਾਰਿਤ ਲੈੱਟਿੰਗਜ਼ (ਕਿਰਾਏ ਤੇ ਦੇਣਾ) ਕੀ ਹਨ?

ਖਿਆਲ ਇਹ ਹੈ ਕਿ ਜਿਹੜੇ ਲੋਕ ਮੂਵ ਕਰਨਾ (ਘਰ ਲੈਣਾ) ਚਾਹੁੰਦੇ ਹਨ, ਉਹ ਕਿਸ ਕਿਸਮ ਦੇ ਘਰ ਅਤੇ ਇਲਾਕੇ ਵਿਚ ਰਹਿਣਾ ਚਾਹੁੰਦੇ ਹਨ, ਉਨ੍ਹਾਂ ਨੂੰ ਉਸ ਬਾਰੇ ਹੋਰ ਜ਼ਿਆਦਾ ਚੋਆਇਸ (ਚੋਣ) ਕਰਨ ਦੀ ਪੇਸ਼ਕਸ਼ ਕਰਨੀ।

## ਇਹ ਕਿਸ ਤਰ੍ਹਾਂ ਕੰਮ ਕਰਦੀ ਹੈ?

ਉਪਲਬਧ ਪ੍ਰਾਪਰਟੀਆਂ ਨੂੰ ਹਫਤਾਵਾਰੀ ਆਧਾਰ ਤੇ ਲੀਡਜ਼ ਹੋਮਜ਼ ਮੈਗਜ਼ੀਨ ਅਤੇ ਲੀਡਜ਼ ਹੋਮਜ਼ ਵੈੱਬਸਾਈਟ www.leedshomes.org.uk ਤੇ ਐੱਡਵਰਟਾਈਜ਼ ਕੀਤਾ ਜਾਂਦਾ ਹੈ।

ਗਾਹਕ ਹਰ ਹਫਤੇ 3 ਪ੍ਰਾਪਰਟੀਆਂ ਤਕ ਬੋਲੀ ਦੇ ਸਕਦੇ ਹਨ।

## ਮੈਂ ਅੱਗੋਂ ਕੀ ਕਰਾਂ?

ਬੋਲੀ ਦੇਣ ਲਈ 4 ਵੱਖ ਵੱਖ ਚੋਣਾਂ ਦੇ ਹੁੰਦਿਆਂ ਇਹ ਇਸ ਤੋਂ ਹੋਰ ਜ਼ਿਆਦਾ ਸੌਖਾ ਨਹੀਂ ਹੋ ਸਕਦਾ

**01**

## ਫੋਨ 0113 247 6313

ਫੋਨ ਰਾਹੀਂ ਬੋਲੀ ਦੇਣ ਲਈ, ਕੇਵਲ:

- ਸਾਨੂੰ ਫੋਨ ਕਰੋ 0113 247 6313
- ਤੁਹਾਨੂੰ ਆਪਣਾ ਮੈਂਬਰਸ਼ਿੱਪ ਨੰਬਰ ਦੱਸਣ ਲਈ ਕਿਹਾ ਜਾਵੇਗਾ।
- ਫੇਰ ਤੁਹਾਨੂੰ ਤਿੰਨ ਪ੍ਰਾਪਰਟੀਆਂ ਦੇ ਹਵਾਲਾ ਨੰਬਰ ਦੇਣ ਲਈ ਕਿਹਾ ਜਾਵੇਗਾ

ਜਾਂ

**02**

**ਕਲਿੱਕ** www.leedshomes.org.uk ਆਨਲਾਈਨ ਤੇ ਬੋਲੀ ਦੇਣ ਲਈ ਕੇਵਲ:

- ਵਿਜ਼ਿਟ ਕਰੋ www.leedshomes.org.uk
- ਆਪਣੇ ਮੈਂਬਰਸ਼ਿੱਪ ਨੰਬਰ ਅਤੇ ਜਨਮ ਤਾਰੀਖ ਤੇ ਲੌਗ ਆਨ ਕਰੋ।
- ਉਹੋ ਕੁੱਝ ਕਰੋ ਜੋ ਕੁੱਝ ਆਨਲਈਨ ਤੇ ਸਰਲ ਹਿਦਾਇਤਾਂ ਕਹਿੰਦੀਆਂ ਹਨ।

03

## ਟੈੱਕਸਟ

## ਟੈੱਕਸਟ ਰਾਹੀਂ ਬੋਲੀ ਦੇਣ ਲਈ, ਕੇਵਲ:

- ਥੱਲੇ ਦਿੱਤੀ ਉਦਾਹਰਣ ਅਨੁਸਾਰ ਕਰੋ।

| ਤੁਹਾਡਾ ਮੈਂਬਰਸ਼ਿੱਪ ਨੰਬਰ | ਤੁਹਾਡੀ ਜਨਮ ਤਾਰੀਖ | ਤੁਹਾਡੀ ਪਹਿਲੀ ਚੌਂਣ | ਤੁਹਾਡੀ ਦੂਜੀ ਚੋਣ | ਤੁਹਾਡੀ ਤੀਜੀ ਚੋਣ |
|---|---|---|---|---|

ਟੈੱਕਸਟ cbl#123456 # 01051972 # 30123 #30456 #30789 ਤੋਂ 60066

- **ਟੈੱਕਸਟ** cbl # **ਤੋਂ ਬਾਅਦ ਆਉਂਦਾ ਹੈ ਤੁਹਾਡਾ ਮੈਂਬਰਸ਼ਿੱਪ ਨੰਬਰ** # ਤੁਹਾਡੀ ਜਨਮ ਤਾਰੀਖ # ਅਤੇ ਪਹਿਲੀ ਪ੍ਰਾਪਰਟੀ ਦਾ ਹਵਾਲਾ ਨੰਬਰ# ਇਸ ਤੋਂ ਬਾਅਦ ਦੋ ਹੋਰ ਪ੍ਰਾਪਰਟੀਆਂ ਤਕ ਦੇ ਹਵਾਲਾ ਨੰਬਰ ਹਰ ਇਕ ਦੇ ਅੰਤ ਵਿਚ # ਆਵੇਗਾ

- ਜੇਕਰ ਤੁਸੀਂ ਕਰੈਕਟਰਾਂ (ਚਿੰਨ੍ਹਾਂ) ਦੇ ਦਰਮਿਆਨ ਥਾਂ ਛੱਡਕੇ ਹੋ ਤਾਂ ਤੁਹਾਡੀਆਂ ਬੋਲੀਆਂ ਰਿਕਾਰਡ ਨਹੀਂ ਹੋਣਗੀਆਂ।

**ਜਾਂ**

**04**

# ਇਥੇ ਜਾਓ

## ਕਿਸੇ ਵੀ ਸਥਾਨਕ ਹਾਊਸਿੰਗ ਆਫਿਸ ਜਾਂ ਵਨ ਸਟਾਪ ਸੈਂਟਰ ਵਿਚ ਅਤੇ ਬਿਡਿੰਗ (ਬੋਲੀ ਵਾਲਾ) ਫਾਰਮ ਭਰੋ।

### ਮੈਨੂੰ ਕਿੰਨੀ ਦੇਰ ਤਕ ਬੋਲੀ ਦੇਣੀ ਪਵੇਗੀ?

ਬਿਡਿੰਗ ਸਾਈਕਲ (ਬੋਲੀ ਦਾ ਸਮਾਂ) ਬੁੱਧਵਾਰ ਸਵੇਰੇ 8.30 ਵਜੇ ਸ਼ੁਰੂ ਹੁੰਦਾ ਹੈ ਅਤੇ ਉਸ ਤੋਂ ਬਾਅਦ ਆਉਣ ਵਾਲੇ ਸੋਮਵਾਰ ਨੂੰ 5 ਵਜੇ ਖਤਮ ਹੁੰਦਾ ਹੈ।

ਪਹਿਲਾ ਜਾਂ ਅਖਰੀ ਬੋਲੀ ਦੇਣ ਵਾਲਾ ਹੋਣ ਨਾਲ ਕੋਈ ਫਰਕ ਨਹੀਂ ਪਵੇਗਾ (ਜਦੋਂ ਤਕ ਕਿ ਉਸ ਪ੍ਰਾਪਰਟੀ ਨੂੰ ਫਰਸਟ ਕਮ ਫਰਸਟ ਸਰਵਡ ਦੇ ਤੌਰ ਤੇ ਐਂਡਵਰਟਾਈਜ਼ ਨਾ ਕੀਤਾ ਗਿਆ ਹੋਵੇ) ਜਦੋਂ ਇਕ ਵਾਰੀ ਡੈਂਡਲਾਈਨ (ਅੰਤਿਮ ਤਾਰੀਖ) ਖਤਮ ਹੋ ਜਾਂਦੀ ਹੈ ਤਾਂ ਆਮ ਤੌਰ ਤੇ ਇਸ ਪ੍ਰਾਪਰਟੀ ਦੀ ਪੇਸ਼ਕਸ਼ ਕਿਸੇ ਇਹੋ ਜਿਹੇ ਗਾਹਕ ਨੂੰ ਕੀਤੀ ਜਾਵੇਗੀ ਜਿਸ ਦੀ ਪਹਿਲ ਵਾਲੀ ਲੋੜ ਸਭ ਤੋਂ ਜ਼ਿਆਦਾ ਹੈ ਅਤੇ ਜਿਸ ਦੀ ਪਹਿਲ ਵਾਲੀ ਲੋੜ ਸਭ ਤੋਂ ਜ਼ਿਆਦਾ ਸਮੇਂ ਤੋਂ ਚਲ ਰਹੀ ਹੈ।

## ਕੀ ਮੈਨੂੰ ਹਰ ਹਫਤੇ ਜ਼ਰੂਰ ਹੀ 3 ਪ੍ਰਾਪਰਟੀਆਂ ਲਈ ਬੋਲੀ ਦੇਣੀ ਪਵੇਗੀ?

**ਨਹੀਂ। ਕੇਵਲ ਇਹੋ ਜਿਹੀਆਂ ਪ੍ਰਾਪਰਟੀਆਂ ਲਈ ਹੀ ਬੋਲੀ ਦੇਵੋ ਜਿਹੜੀਆਂ ਤੁਹਾਡੇ ਲਈ ਸੂਟੇਬਲ (ਉਚਿਤ) ਹਨ। ਜੇਕਰ ਕੋਈ ਸੂਟੇਬਲ ਪ੍ਰਾਪਰਟੀਆਂ ਨਹੀਂ ਹਨ ਤਾਂ ਤੁਹਾਨੂੰ ਬੋਲੀ ਨਹੀਂ ਦੇਣੀ ਚਾਹੀਦੀ।**

## ਉਚਿਤ ਬੋਲੀ ਕੀ ਹੈ?

ਤੁਹਾਨੂੰ ਕੇਵਲ ਉਨ੍ਹਾਂ ਪ੍ਰਾਪਰਟੀਆਂ ਲਈ ਬੋਲੀ ਦੇਣੀ ਚਾਹੀਦੀ ਹੈ ਜੇਕਰ ਉਸ ਪ੍ਰਾਪਰਟੀ ਦੇ ਕਰਾਇਟੀਰੀਆ (ਕਸੌਟੀ) ਅਨੁਸਾਰ ਤੁਸੀਂ ਉਸ ਦੇ ਯੋਗ ਹੋ। ਤੁਹਾਨੂੰ ਐਂਡਵਰਟ (ਮਸ਼ਹੂਰੀ) ਵਿੱਚ ਵੇਖਣਾ ਚਾਹੀਦਾ ਹੈ ਕਿ ਉਹ ਪ੍ਰਾਪਰਟੀ ਕਿਸ ਲਈ ਉਚਿਤ ਹੈ।

ਉਦਾਹਰਣ ਵੱਜੋਂ, ਸ਼ੈੱਲਟਰਡ ਰਿਹਾਇਸ਼ 60 ਸਾਲ ਤੋਂ ਵੱਡੀ ਉਮਰ ਵਾਲੇ ਉਨ੍ਹਾਂ ਲੋਕਾਂ ਲਈ ਹੈ ਜਿਨ੍ਹਾਂ ਨੂੰ ਸੈੱਲਟਰਡ ਹਾਊਜ਼ਿੰਗ ਦੀ ਲੋੜ ਹੈ। ਕੋਈ 3 ਬੈੱਡਰੂਮ ਵਾਲਾ ਘਰ ਕਿਸੇ ਸਿੰਗਲ (ਇੱਕਲਾ) ਬੰਦੇ ਲਈ ਉਚਿਤ ਨਹੀਂ ਹੈ ਅਤੇ 4 ਦਾ ਪਰਿਵਾਰ ਕਿਸੇ ਇਕ ਬੈੱਡ ਫਲੈਟ ਵਿਚ ਨਹੀਂ ਰਹਿ ਸਕਦਾ।

ਜਦੋਂ ਤੁਹਾਨੂੰ ਤੁਹਾਡੀ ਮੈਂਬਰਸ਼ਿੱਪ ਬਾਰੇ ਪੁਸ਼ਟੀਕਰਣ ਮਿਲ ਜਾਂਦਾ ਹੈ ਤਾਂ ਅਸੀਂ ਤੁਹਾਨੂੰ ਦਸਾਂਗੇ ਕਿ ਤੁਹਾਡੇ ਪਰਿਵਾਰ ਲਈ ਕਿਸ ਸਾਈਜ਼ ਦੀ ਪ੍ਰਾਪਰਟੀ ਉਚਿਤ ਹੈ। ਜੇਕਰ ਤੁਸੀਂ ਆਪਣੀਆਂ ਲੋੜਾਂ ਤੋਂ ਵੱਡੀਆਂ ਜਾਂ ਛੋਟੀਆਂ ਪ੍ਰਾਪਰਟੀਆਂ ਲਈ ਬੋਲੀ ਦਿੰਦੇ ਹੋ ਤਾਂ ਤੁਸੀਂ ਸਫਲ ਨਹੀਂ ਹੋਵੋਗੇ।

# ਮੇਰੀਆਂ ਬੋਲੀਆਂ ਅਸਫਲ ਹੁੰਦੀਆਂ ਰਹਿੰਦੀਆਂ ਹਨ, ਕੀ ਇਨ੍ਹਾਂ ਨੂੰ ਜਾਰੀ ਰੱਖਣ ਦਾ ਕੋਈ ਮਤਲਬ ਹੈ?

ਹਾਂ। ਤੁਸੀਂ ਸਫਲ ਬੋਲੀ ਦੇਣ ਵਾਲੇ ਬੰਦੇ ਹੋ ਜਾਂ ਨਹੀਂ ਇਸ ਦਾ ਨਿਰਭਰ ਇਸ ਗੱਲ ਤੇ ਕਰਦਾ ਹੈ ਕਿ ਉਸ ਪ੍ਰਾਪਰਟੀ ਲਈ ਹੋਰ ਕੌਣ ਬੋਲੀ ਦੇਂਦਾ ਹੈ, ਉਹ ਕਿਹੜੇ ਪਰਿਆਰਿਟੀ ਬੈਂਡ (ਪਹਿਲ ਵਾਲਾ ਦਸਤਾ) ਵਿਚ ਹਨ ਅਤੇ ਉਹ ਕਿੰਨੀ ਦੇਰ ਤੋਂ ਪਰਿਆਰਿਟੀ ਵਿਚ ਹਨ।

ਜਿਨ੍ਹਾਂ ਨੀਵਾਂ ਤੁਹਾਡਾ ਹਾਊਜ਼ਿੰਗ ਨੀਡ ਬੈਂਡ ਹੈ ਤੁਹਾਨੂੰ ਘਰ ਮਿਲਨ ਵਿਚ ਉਨਾ ਹੀ ਜ਼ਿਆਦਾ ਸਮਾਂ ਲਗੇਗਾ।

ਤੁਸੀਂ ਜਿਸ ਇਲਾਕੇ ਵਿਚ ਰਹਿਣਾ ਚਾਹੁੰਦੇ ਹੋ ਉਸ ਬਾਰੇ ਜਿਨਾਂ ਜ਼ਿਆਦਾ ਫਲੈੱਕਸੀਬਲ (ਲਚਕੀਲਾ) ਹੋਵੋਗੇ ਅਤੇ ਤੁਸੀਂ ਜਿੰਨੀ ਜ਼ਿਆਦਾ ਪ੍ਰਾਪਰਟੀਆਂ ਲਈ ਬੋਲੀ ਦੇਂਦੇ ਹੋ, ਤੁਹਾਡੇ ਸਫਲ ਹੋਣ ਦੀ ਸੰਭਾਵਨਾ ਉਨੀ ਹੀ ਜ਼ਿਆਦਾ ਹੋਵੇਗੀ।

## ਫਰਸਟ ਕਮ ਫਰਸਟ ਸਰਵਡ ਪ੍ਰਾਪਰਟੀਆਂ ਕੀ ਹਨ?

ਫਰਸਟ ਕਮ ਫਰਸਟ ਸਰਵਡ ਪ੍ਰਾਪਰਟੀਆਂ ਇਹੋ ਜਿਹੀਆਂ ਪ੍ਰਾਪਰਟੀਆਂ ਹਨ ਜਿਨ੍ਹਾਂ ਨੂੰ ਪਹਿਲੋਂ ਐਂਡਵਰਟਾਈਜ਼ ਕੀਤਾ ਗਿਆ ਸੀ ਅਤੇ ਪਹਿਲੀ ਵਾਰੀ ਕੋਈ ਯੋਗ ਬੋਲੀ ਦੇਣ ਵਾਲੇ ਨਹੀਂ ਸਨ।

ਇਹ ਪ੍ਰਾਪਰਟੀ ਦੀ ਪੇਸ਼ਕਸ਼ ਉਸ ਪਹਿਲੇ ਬੰਦੇ ਨੂੰ ਕੀਤੀ ਜਾਵੇਗੀ ਜਿਸ ਦੀ ਯੋਗ ਬੋਲੀ ਰਿਕਾਰਡ ਕੀਤੀ ਜਾਵੇਗੀ।

## ਮੈਨੂੰ ਕਿਸ ਤਰ੍ਹਾਂ ਪਤਾ ਲਗੇਗਾ ਕਿ ਮੈਂ ਸਫਲ ਹੋਇਆ ਹਾਂ?

ਸਫਲ ਬੋਲੀ ਦੇਣ ਵਾਲਿਆਂ ਨੂੰ ਉਸ ਲੈਂਡਲਾਰਡ ਵੱਲੋਂ ਸੰਪਰਕ ਕੀਤਾ ਜਾਂਦਾ ਹੈ ਜਿਸ ਨੇ ਪ੍ਰਾਪਰਟੀ ਐਂਡਵਰਟਾਈਜ਼ ਕੀਤੀ ਸੀ। ਫੇਰ ਉਨ੍ਹਾਂ ਨੂੰ ਪ੍ਰਾਪਰਟੀ ਵੇਖਣ ਲਈ ਕਿਹਾ ਜਾਵੇਗਾ।

ਬਦਕਿਸਮਤੀ ਨਾਲ ਅਸੀਂ ਅਸਫਲ ਬੋਲੀ ਦੇਣ ਵਾਲਿਆਂ ਨਾਲ ਸੰਪਰਕ ਨਹੀਂ ਕਰ ਸਕਦੇ।

ਲੀਡਜ਼ ਹੋਮਜ਼ ਵੈੱਬਸਾਈਟ ਅਤੇ ਵੀਕਲੀ ਮੈਗਜ਼ੀਨ ਵੀ ਪਹਿਲੋਂ ਐਂਡਵਰਟਾਈਜ਼ ਕੀਤੇ ਗਏ ਘਰਾਂ ਬਾਰੇ ਫੀਡਬੈੱਕ (ਪ੍ਰਤਿਪੁਸ਼ਟੀ) ਦੇਂਦੇ ਹਨ।

ਅਸੀਂ ਫੀਡਬੈਕ ਪ੍ਰਕਾਸ਼ਿਤ ਕਰਦੇ ਹਾਂ ਜਿਸ ਵਿਚ ਦਸਿਆ ਹੁੰਦਾ ਹੈ ਕਿ ਕਿਸੇ ਵਿਸ਼ੇਸ਼ ਘਰ ਲਈ ਕਿੰਨੇ ਮੈਂਬਰ ਬੋਲੀ ਦੇਂਦੇ ਹਨ, ਉਨ੍ਹਾਂ ਦਾ ਪਹਿਲ ਦੀ ਲੋੜ ਵਾਲਾ ਗਰੁੱਪ ਅਤੇ ਉਹ ਕਿੰਨੀ ਦੇਰ ਤੋਂ ਮੈਂਬਰ ਦੇ ਤੌਰ ਤੇ ਰਜਿਸਟ੍ਰਡ ਹਨ।

ਭਵਿੱਖ ਵਿਚ ਕਿਸ ਲਈ ਬੋਲੀ ਦੇਣੀ ਹੈ ਇਸ ਬਾਰੇ ਫੈਂਸਲਾ ਕਰਨ ਵਿਚ ਇਹ ਜਾਣਕਾਰੀ ਤੁਹਾਨੂੰ ਸਹਾਇਤਾ ਦੇਵੇਗੀ।

## ਕੀ ਮੈਂ ਜਲਦੀ ਮੂਵ ਕਰ ਸਕਾਂਗਾ?

ਨਹੀਂ ਕੋਈ ਜ਼ਰੂਰੀ ਨਹੀਂ। ਫੇਰ ਵੀ, ਚੋਣ ਆਧਾਰਿਤ ਲੈਂਟਿਗੰਜ਼ ਨੇ ਬਹੁਤ ਜ਼ਿਆਦਾ ਸਪਸ਼ਟ ਕਰ ਦਿਤਾ ਹੈ ਕਿ ਕਿੰਨੀਆਂ ਪ੍ਰਾਪਰਟੀਆਂ ਉਪਲਬਧ ਹਨ ਅਤੇ ਕਿਹੜਿਆਂ ਖੇਤਰਾਂ ਵਿਚ ਵੇਟਿੰਗ ਲਈ ਥੋੜ੍ਹੇ ਸਮੇਂ ਲੱਗਦੇ ਹਨ। ਤੁਸੀਂ ਹੋਰ ਜ਼ਿਆਦਾ ਜਾਣਕਾਰੀ ਵਾਲੀ ਚੋਣ ਕਰ ਸਕੋਗੇ, ਜਾਂ ਤਾਂ ਉਸ ਖੇਤਰ ਲਈ ਜਿਸ ਨੂੰ ਤੁਸੀਂ ਅਸਲੋਂ ਹੀ ਚਾਹੁੰਦੇ ਹੋ ਜਾਂ ਕਿਸੇ ਇਹੋ ਜਿਹੇ ਖੇਤਰ ਬਾਰੇ ਫੈਂਸਲਾ ਕਰਨ ਲਈ ਜਿਥੇ ਵੇਟਿੰਗ ਤੇ ਥੋੜ੍ਹਾ ਸਮਾਂ ਲਗਦਾ ਹੈ ਜਾਂ ਦੂਸਰੀਆਂ ਹਾਊਜ਼ਿੰਗ ਚੋਣਾਂ ਤੇ ਵਿਚਾਰ ਕਰਨ ਬਾਰੇ।

## ਅਸੀਂ ਉਚਿਤੱਤਾ ਕਿਵੇਂ ਨਿਸ਼ਚਿਤ ਕਰਦੇ ਹਾਂ?

ਅਸੀਂ ਗਾਹਕਾਂ ਦਾ ਮੁਲਾਂਕਣ, ਗਾਹਕਾਂ ਦੇ ਹਾਲਾਤਾਂ ਅਤੇ ਹਾਊਜ਼ਿੰਗ ਲਈ ਉਨ੍ਹਾਂ ਦੀ ਕਿੰਨੀ ਜ਼ਿਆਦਾ ਲੋੜ ਹੈ, ਇਨ੍ਹਾਂ ਅਨੁਸਾਰ ਕਰਦੇ ਹਾਂ।

ਤੁਹਾਨੂੰ ਇਹੋ ਜਿਹਾ ਪਰਿਆਰਿਟੀ ਬੈਂਡ (ਪਹਿਲ ਵਾਲਾ ਦਸਤਾ) ਦਿਤਾ ਜਾਵੇਗਾ ਜਿਹੜਾ ਤੁਹਾਡੀਆਂ ਵਰਤਮਾਨ ਹਾਊਜ਼ਿੰਗ ਲੋੜਾਂ ਨੂੰ ਪ੍ਰਤਿਬਿੰਬਤ ਕਰਦਾ ਹੈ। ਅਸੀਂ ਜਿਹੜਿਆਂ ਤੱਤਾਂ ਤੇ ਵਿਚਾਰ ਕਰਦੇ ਹਾਂ ਉਨ੍ਹਾਂ ਵਿਚ ਸ਼ਾਮਲ ਹਨ ਪਰਿਵਾਰ ਦਾ ਸਾਈਜ਼, ਤੁਹਾਡੇ ਵਰਤਮਾਨ ਘਰ ਵਿਚ ਬਹੁਤੀ ਭੀੜ ( ਓਵਰਕਰਾਊਡਿੰਗ) ਤਾਂ ਨਹੀਂ, ਜਾਂ ਘੱਟ ਲੋਕ ਰਹਿੰਦੇ ਹਨ ਅਤੇ ਕੀ ਕੋਈ ਡਾਕਟਰੀ ਜਾਂ ਭਲਾਈ ਵਾਲੇ ਮੁੱਦੇ ਤਾਂ ਨਹੀਂ ਹਨ।

## ਮੈਂ ਕਿਸ ਬੈਂਡ (ਦਸਤਾ) ਵਿਚ ਹੋਵਾਂਗਾ?

**3 ਬੈਂਡ ਹਨ;**
**ਪਰਿਆਰਿਟੀ ਐੈੱਕਸਟ੍ਰਾ**
**ਗਾਹਕ ਜਿਹੜੇ;**

- ਬੇਘਰ ਹਨ ਅਤੇ ਕਾਨੂੰਨ ਅਨੁਸਾਰ ਪਹਿਲ ਵਾਲੀ ਲੋੜ ਵਿਚ ਹਨ।
- ਜਿਨ੍ਹਾਂ ਦੀਆਂ ਫੌਰੀ ਡਾਕਟਰੀ ਲੋੜ ਹੈ, ਉਦਾਹਰਣ ਵੱਜੋਂ ਉਹ ਗਾਹਕ ਜਿਹੜੇ ਆਪਣੇ ਘਰ ਵਿਚ ਇਕ ਕਮਰੇ ਵਿਚ ਸੀਮਤ ਹਨ ਅਤੇ ਉਨ੍ਹਾਂ ਦਾ ਘਰ ਅਨੁਕੂਲਤਾਵਾਂ (ਅਡੈਪਟੇਸ਼ਨਜ਼) ਲਈ ਉਚਿਤ ਨਹੀਂ ਹਨ।
- ਇਹੋ ਜਿਹੀ ਪ੍ਰਾਪਰਟੀ ਵਿਚ ਰਹਿੰਦੇ ਹਨ ਜਿਹੜੀ ਰਹਿਣ ਦੇ ਯੋਗ ਨਹੀਂ ਹੈ, ਉਦਾਹਰਣ ਵੱਜੋਂ, ਜੇਕਰ ਉਨ੍ਹਾਂ ਦੇ ਘਰ ਦਾ ਮੁਲਾਂਕਣ ਰਿਹਾਇਸ਼ ਯੋਗ ਨਾ ਹੋਣ ਦੇ ਤੌਰ ਤੇ ਕੀਤਾ ਗਿਆ ਹੋਵੇ ਜਾਂ ਜਿਹੜੇ ਕਲੀਅਰੈਂਸ ਏਰੀਏ ਵਿਚ ਕੌਂਸਲ ਦੇ ਕਿਰਾਏਦਾਰ ਦੇ ਤੌਰ ਤੇ ਰਹਿ ਰਹੇ ਹਨ।
- ਜਿਨ੍ਹਾਂ ਦੀਆਂ ਕੋਈ ਹੋਰ ਫੌਰੀ ਲੋੜਾਂ ਹਨ, ਉਦਾਹਰਣ ਵੱਜੋਂ ਉਹ ਗਾਹਕ ਜਿਹੜੇ ਕਾਨੂੰਨੀ ਤੌਰ ਤੇ ਬੇਘਰ ਨਹੀਂ ਹਨ ਪਰ ਉਨ੍ਹਾਂ ਦਾ ਘਰ ਮੂਵ ਕਰਨ ਦਾ ਕੋਈ ਗੰਭੀਰ ਕਾਰਣ ਹੈ।

**ਪਰਿਆਰਿਟੀ**
**ਗਾਹਕ ਜਿਹੜੇ:**

- ਬੇਘਰ ਹਨ ਪਰ ਉਨ੍ਹਾਂ ਨੂੰ ਪੱਕੀ ਰਿਹਾਇਸ਼ ਦੀ ਪੇਸ਼ਕਸ਼ ਕਰਨੀ ਕੌਂਸਲ ਦਾ ਕਾਂਨੂੰਨੀ ਕਰਤੱਵ ਨਹੀਂ ਹੈ।
- ਜਿਨ੍ਹਾਂ ਦੀ ਡਾਕਟਰੀ ਕਾਰਣਾਂ ਕਰਕੇ ਮੂਵ ਹੋਣ ਦੀ ਲੋੜ ਹੈ।
- ਮਾੜੀਆਂ ਹਾਲਤਾਂ ਵਾਲੀ ਰਿਹਇਸ਼ ਵਿੱਚ ਓਵਰਕਰਾਊਡਿੰਗ (ਭੀੜ–ਭੜਕੇ) ਵਿਚ ਰਹਿ ਰਹੇ ਹਨ ਜਾਂ ਸੁਵਿਧਾਵਾਂ ਦੀ ਘਾਟ ਹੈ।
- ਜਿਨ੍ਹਾਂ ਦੀਆਂ ਹੋਰ ਲੋੜਾਂ ਹਨ, ਉਦਾਹਰਣ ਵੱਜੋਂ, ਪਰਿਵਾਰ ਦੇ ਕਿਸੇ ਬੰਦੇ ਨੂੰ ਸਮਰਥਨ ਦੇਣ ਲਈ ਉਨ੍ਹਾਂ ਨੂੰ ਮੂਵ ਕਰਨ ਦੀ ਲੋੜ ਹੈ।

**ਸਾਧਾਰਣ ਲੋੜਾਂ**
ਉਹ ਸਾਰੇ ਗਾਹਕ ਜਿਹੜੇ ਪਰਿਆਰਿਟੀ ਬੈਂਡ ਵਿਚ ਨਹੀਂ ਹਨ ਜਾਂ ਜਿਨ੍ਹਾਂ ਦਾ ਲੀਡਜ਼ ਨਾਲ ਕੋਈ ਸਥਾਨਕ ਸੰਬੰਧ ਨਹੀਂ ਹੈ ਉਹ ਸਾਡੇ 'ਜੈਨਰਲ ਨੀਡਜ਼' ਬੈਂਡ ਵਿਚ ਆ ਜਾਂਦੇ ਹਨ। ਲੀਡਜ਼ ਵਿੱਚ ਰਿਹਾਇਸ਼ ਰਾਹੀਂ, ਰੋਜ਼ਗਾਰ ਰਾਹੀਂ ਤੁਸੀਂ ਸਥਾਨਕ ਸੰਬੰਧ ਬਣਾ ਸਕਦੇ ਹੋ ਜਾਂ ਇਸ ਕਾਰਣ ਵੀ ਕਿ ਕੋਈ ਨੇੜੇ ਵਾਲਾ ਪਰਵਾਰਕ ਬੰਦਾ ਲੀਡਜ਼ ਵਿਚ ਰਹਿੰਦਾ ਹੈ।

## ਜੇਕਰ ਮੈਨੂੰ ਪਰਿਆਰਿਟੀ ਮਿਲਦੀ ਹੈ ਤਾਂ ਇਹ ਕਿੰਨੀ ਦੇਰ ਰਹੇਗੀ?

ਤੁਹਾਡੀ ਪਰਿਆਰਿਟੀ (ਪਹਿਲ) 120 ਦਿਨਾਂ ਤਕ ਰਹੇਗੀ।

## ਕੀ ਮੈਨੂੰ ਪਤਾ ਲਗੇਗਾ ਕਿ ਮੇਰੀ ਪਰਿਆਰਿਟੀ ਕਦੋਂ ਖਤਮ ਹੋਈ ਹੈ?

ਅਸੀਂ ਗਾਹਕਾਂ ਨੂੰ ਉਨ੍ਹਾਂ ਦੀ ਪਰਿਆਰਿਟੀ ਬਾਰੇ ਦਸਦੇ ਹਾਂ ਕਿ ਇਹ ਕਦੋਂ ਖਤਮ ਹੋਣੀ ਹੈ।

## ਕੀ ਮੈਨੂੰ ਦਿਤੀ ਗਈ ਪਰਿਆਰਿਟੀ ਦੇ ਸਮੇਂ ਨੂੰ ਵਧਇਆ ਜਾ ਸਕਦਾ ਹੈ?

ਹਾਂ। ਜਿਥੇ ਤੁਹਾਡਾ ਮੈਂਬਰਸ਼ਿੱਪ ਫਾਰਮ ਰੱਖਿਆ ਹੋਇਅ ਹੈ ਤੁਸੀਂ ਆਪਣੇ ਉਸ ਸਥਾਨਕ ਹਾਊਜ਼ਿੰਗ ਆਫਿਸ ਨਾਲ ਸੰਪਰਕ ਕਰਕੇ ਐੱਕਸਟੈਂਸ਼ਨ ਲਈ ਬੇਨਤੀ ਕਰ ਸਕਦੇ ਹੋ, ਪਰ ਪਰਿਆਰਿਟੀ ਮਿਲਨ ਦੇ ਪਹਿਲੇ 90 ਦਿਨਾਂ ਅੰਦਰ ਨਹੀਂ। ਐੱਕਸਟੈਂਸ਼ਨ ਬਾਰੇ ਸਾਰੀਆਂ ਬੇਨਤੀਆਂ ਤੇ ਵਿਅਕਤੀਗਤ ਆਧਾਰ ਤੇ ਵਿਚਾਰ ਕੀਤਾ ਜਾਵੇਗਾ।

## ਜੇਕਰ ਮੈਂ ਮਹਿਸੂਸ ਕਰਾਂ ਕਿ ਗਲਤ ਫੈਂਸਲਾ ਕੀਤਾ ਗਿਆ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇਕਰ ਸਾਡੇ ਕੀਤੇ ਹੋਏ ਕਿਸੇ ਫੈਂਸਲੇ ਬਾਰੇ ਤੁਸੀਂ ਨਾਖੁਸ਼ ਹੋ ਤਾਂ ਤੁਸੀਂ ਇਸ ਦੇ ਰੀਵੀਊ (ਮੁੜ ਵਿਚਾਰ) ਲਈ ਕਹਿ ਸਕਦੇ ਹੋ। ਰੀਵੀਊ ਲਈ ਆਪਣੇ ਅਧਿਕਾਰ ਬਾਰੇ ਪਤਾ ਕਰਨ ਲਈ ਲੀਡਜ਼ ਹੋਮਜ਼ ਨਾਲ 0113 247 6313 ਤੇ ਸੰਪਰਕ ਕਰੋ।

ਜੇਕਰ ਤੁਸੀਂ ਲੀਡਜ਼ ਸਿਟੀ ਕੌਂਸਲ ਦੀ ਲੈੱਟਿੰਗਜ਼ ਨੀਤੀ ਬਾਰੇ ਹੋਰ ਜ਼ਿਆਦਾ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਤੁਸੀਂ ਇਹ ਕੁਝ ਕਰ ਸਕਦੇ ਹੋ:

**ਸਾਨੂੰ ਫੋਨ ਕਰੋ: 0113 247 6313**

**ਮਿਨੀਕੋਮ: 0845 127 1113**

**ਸਾਨੂੰ ਈਮੇਲ ਕਰੋ:** leeds.homes@leeds.gov.uk

**ਸਾਨੂੰ ਇਸ ਪਤੇ ਤੇ ਲਿਖੋ:**

Leeds Homes Team, Environment and Neighbourhoods,
Merrion House, 5th Floor West, Merrion Centre, Leeds LS2 8BB

ਵੱਲੋਂ ਤਿਆਰ ਕੀਤਾ ਗਿਆ: ਲੀਡਜ਼ ਹੋਮਜ਼, ਐੱਨਵਾਇਰਨਮੈਂਟ ਐਂਡ ਨੇਬਰਹੁੱਡਜ਼, ਅਗਸਤ 2008